**ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਪੰਜਾਬ**

ਵਿਕਾਸ ਭਵਨ, ਸੈਕਟਰ-62

**ਐਸ.ਏ.ਐਸ ਨਗਰ, ਪੰਜਾਬ**

ਸੇਵਾ ਵਿਖੇ,

ਰਾਜ ਦੇ ਸਮੂਹ

1. ਐਡੀਸ਼ਨਲ ਡਿਪਟੀ ਡਾਇਰੇਕਟਰ (ਵਿਕਾਸ)
2. ਡਵੀਜ਼ਨਲ ਡਿਪਟੀ ਡਾਇਰੈਕਟਰ, ਪੰਚਾਇਤ।
3. ਮੁੱਖ ਕਾਰਜਕਾਰੀ ਅਫਸਰ, ਜਿਲਾ ਪ੍ਰੀਸ਼ਦ।
4. ਜਿਲਾ ਵਿਕਾਸ ਅਤੇ ਪੰਚਾਇਤ ਅਫਸਰ।
5. ਉਪ ਮੁੱਖ ਕਾਰਜਕਾਰੀ ਅਫਸਰ, ਜਿਲਾ ਪ੍ਰੀਸ਼ਦ।
6. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ।

ਮੀਮੋ ਨੰ: 1/1/2011-ਈ-ਪੰਚਾਇਤ/9788

ਮਿਤੀ: 9/8/11

ਵਿਸ਼ਾ: ਈ ਪੰਚਾਇਤ ਸੂਟ ਲਾਗੂ ਕਰਨ ਬਾਰੇ।

---

ਈ ਪੰਚਾਇਤ ਪ੍ਰੋਜੈਕਟ ਦੇ ਪਹਿਲੇ ਪੜਾਅ ਦੇ ਅੰਤਰਗਤ ਪੂਰੇ ਪੰਜਾਬ ਵਿੱਚ 186 ਦਫਤਰਾਂ (ਸਮੂਹ ਡਵੀਜ਼ਨਲ ਡਿਪਟੀ ਡਾਇਰੇਕਟਰ, ਡੀ.ਡੀ.ਪੀ.ਓ, ਜਿਲਾ ਪ੍ਰੀਸ਼ਦ ਅਤੇ ਬੀ.ਡੀ.ਓ ਦਫਤਰਾਂ) ਵਿੱਚ ਕੰਪਯੂਟਰ Hardware ਅਤੇ Manpower ਮੁਹਇਆ ਕਰਾਇਆ ਜਾ ਰਿਹਾ ਹੈ। ਮੈਨੂੰ ਇਹ ਦੱਸਿਆ ਗਿਆ ਹੈ ਕਿ ਹੁਣ ਤੱਕ ਸਾਰੇ 186 ਦਫਤਰਾਂ ਵਿੱਚ ਡਾਟਾ ਐਂਟਰੀ ਅਪਰੇਟਰ ਹਾਜ਼ਰ ਹੋ ਚੁੱਕੇ ਹਨ ਅਤੇ ਸਾਰੇ ਦਫਤਰਾਂ ਵਿੱਚ Hardware ਜਲਦੀ ਹੀ ਮੁਹਇਆ ਕਰਾ ਦਿੱਤਾ ਜਾਵੇਗਾ। PRIASoft, PRIProfiler ਅਤੇ National Panchayat Portal ਸੋਫਟਵੇਅਰ ਦੇ ਲੋੜੀਂਦੇ ਡਾਟਾ ਇਕੱਠੇ ਕਰਨ ਲਈ ਫਾਰਮ **www.pbrdp.gov.in** ਤੇ ਮੌਜੂਦ ਹਨ। ਇਹਨਾਂ ਸੋਫਟਵੇਅਰ ਦੇ ਪਾਸਵਰਡ ਤੁਹਾਡੇ ਡੀ.ਡੀ.ਪੀ.ਓ ਨੂੰ ਭੇਜ ਦਿੱਤੇ ਜਾਣਗੇ। ਜਦੋਂ ਤੱਕ ਨਵਾਂ Hardware ਦਫਤਰਾਂ ਵਿੱਚ ਨਹੀ ਆਉਂਦਾ, ਉਦੋਂ ਤੱਕ ਦਫਤਰਾਂ ਵਿੱਚ ਮੌਜੂਦ Hardware ਦਾ ਪ੍ਰਯੋਗ ਕੀਤਾ ਜਾਵੇ।

ਆਪ ਜੀ ਨੂੰ ਹਿਦਾਇਤ ਦਿੱਤੀ ਜਾਂਦੀ ਹੈ ਕਿ ਮੁਹਇਆ ਕਰਵਾਈ ਗਈ Manpower ਦਾ ਪੂਰਾ ਉਪਯੋਗ ਕਰਦੇ ਹੋਏ PRIASoft, PlanPlus, PRIProfiler ਅਤੇ National Panchayat Portal ਵਿੱਚ ਲੋੜੀਂਦੀ ਸੂਚਨਾ ਭਰਨੀ ਸ਼ੁਰੂ ਕਰ ਦਿੱਤੀ ਜਾਵੇ। ਸ਼ੁਰਆਤ, ਚੁਣੇ ਹੋਏ ਨੁਮਾਇੰਦਿਆਂ ਬਾਰੇ ਜਾਣਕਾਰੀ ਭਰ ਕੇ ਕੀਤੀ ਜਾ ਸਕਦੀ ਹੈ। ਮਿਤੀ 19-8-2011 ਨੂੰ ਭਾਰਤ ਸਰਕਾਰ ਦੇ ਪੱਧਰ ਤੇ ਸਾਰੇ ਰਾਜਾਂ ਦੀ ਪ੍ਰਗਤੀ ਤੇ ਵਿਚਾਰ ਹੋਵੇਗਾ। ਇਸ ਤੋਂ ਪਹਿਲਾਂ ਵਿੱਤੀ ਕਮਿਸ਼ਨਰ ਪੇਂਡੂ ਵਿਕਾਸ ਅਤੇ ਪੰਚਾਇਤ Video Conferencing ਰਾਹੀਂ ਮਿਤੀ 16-17 ਅਗਸਤ 2011 ਨੂੰ ਆਪ ਜੀ ਦੀ ਪ੍ਰਗਤੀ ਬਾਰੇ ਜਾਇਜ਼ਾ ਲੈਣਗੇ। ਇਸ ਲਈ ਉਸ ਤੋਂ ਪਹਿਲਾਂ ਸੂਚਨਾ ਭਰਨੀ ਸ਼ੁਰੂ ਕਰ ਦਿੱਤੀ ਜਾਵੇ।

ਡਾਇਰੈਕਟਰ

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ,

ਪੰਜਾਬ।